# BUHDA DAL PUBLIC SCHOOL PATIALA
## Pre Board Examination (10 December 2025)
**Class - XII**

**Paper - Punjabi - 104 (Set-A)**

**Time: 3 hrs.** **MM: 80**

ਆਮ ਨਿਰਦੇਸ਼:
1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

## ਭਾਗ-I : ਪੜ੍ਹਨ-ਕੌਸ਼ਲ (8+7+7=22)

1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਉਸ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : (8×1=8)

ਭਾਰਤ ਵਿਚ ਦਾਜ-ਪ੍ਰਥਾ ਬਹੁਤ ਪੁਰਾਣੀ ਹੈ। ਸਮੇਂ ਦੇ ਬੀਤਣ ਨਾਲ਼ ਇਹ ਪ੍ਰਥਾ ਭਿਆਨਕ ਤੇ ਹਾਨੀਕਾਰਕ ਰੂਪ ਧਾਰਨ ਕਰ ਗਈ ਹੈ। ਵਿਆਹ ਲੜਕੀ ਨਾਲ਼ ਨਹੀਂ, ਬਲਕਿ ਦਾਜ ਨਾਲ਼ ਹੋਣ ਲੱਗ ਪਿਆ ਹੈ ਤੇ ਸਹੀ ਅਰਥਾਂ ਵਿੱਚ ਵਿਆਹ ਇੱਕ ਵਪਾਰ ਬਣ ਗਿਆ ਹੈ। ਵਿਆਹ ਤੋਂ ਪਹਿਲਾਂ ਸੌਦੇਬਾਜ਼ੀ ਕੀਤੀ ਜਾਂਦੀ ਹੈ। ਕਾਲੇ ਧਨ ਵਾਲਿਆਂ ਨੇ ਤਾਂ ਪੈਸੇ ਦੇ ਜ਼ੋਰ ਨਾਲ਼ ਦਾਜ ਦੀ ਰਸਮ ਨੂੰ ਫ਼ਜ਼ੂਲ-ਖ਼ਰਚੀ ਦੀ ਹੱਦ ਤਕ ਵਧਾ ਦਿੱਤਾ ਹੈ। ਗ਼ਰੀਬ ਅਤੇ ਮੱਧਵਰਗੀ ਲੋਕ ਸਮਾਜ ਵਿਚ ਨੱਕ ਰੱਖਣ ਲਈ ਕਰਜ਼ੇ ਦੀਆਂ ਭਾਰੀਆਂ ਪੰਡਾਂ ਚੁੱਕ-ਚੁੱਕ ਕੇ ਦਾਜ ਦੇ ਮੰਗਤਿਆਂ ਨੂੰ ਖ਼ੈਰ ਪਾਉਂਦੇ ਹਨ। ਫਿਰ ਵੀ ਘੱਟ ਦਾਜ ਲਿਆਉਣ ਵਾਲੀ ਲੜਕੀ ਨਾਲ਼ ਸਹੁਰਿਆਂ ਵੱਲੋਂ ਬਦਸਲੂਕੀ ਹੋਣੀ ਆਮ ਗੱਲ ਹੈ। ਉਸ ਨੂੰ ਕਈ ਤਰ੍ਹਾਂ ਦੇ ਦਿਲ-ਕੰਬਾਊ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ। ਕਈ ਵਾਰ ਤਾਂ ਸਹੁਰੇ ਘਰ ਦੇ ਤਾਅਨੇ-ਮਿਹਣੇ ਸੱਜ-ਵਿਆਹੀਆਂ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰ ਦਿੰਦੇ ਹਨ। ਦਾਜ-ਪ੍ਰਥਾ ਸਾਡੇ ਅੱਜ ਦੇ ਸਮਾਜਕ ਜੀਵਨ ਲਈ ਇਕ ਕਲੰਕ ਬਣ ਗਈ ਹੈ। ਅੱਜ ਭਾਵੇਂ ਭਾਰਤ ਦੇ ਸੰਵਿਧਾਨ ਵੱਲੋਂ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਮਿਲ ਗਿਆ ਹੈ, ਔਰਤ ਸੁਸਿੱਖਿਅਤ ਅਤੇ ਉੱਚ-ਅਹੁਦਿਆਂ 'ਤੇ ਬਿਰਾਜਮਾਨ ਵੀ ਹੈ ਪਰ ਫਿਰ ਵੀ ਦਾਜ ਦੀ ਲਾਹਨਤ ਕਾਰਨ ਔਰਤ ਜਿੱਥੇ ਸੀ ਉੱਥੇ ਹੀ ਰਹੀ ਹੈ। ਦਾਜ ਦੇ ਦੈਂਤ ਦਾ ਸਰਬਨਾਸ਼ ਕਰਨ ਲਈ ਕਾਨੂੰਨਾਂ ਨੂੰ ਸਖ਼ਤੀ ਨਾਲ਼ ਅਮਲੀ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ ਤੇ ਲੋਕਾਂ ਵੱਲੋਂ ਵੀ ਇਸ ਬੁਰਾਈ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ। ਨਹੀਂ ਤਾਂ ਦਾਜ ਦਾ ਦੈਂਤ ਧੀਆਂ ਦੀ ਬਲੀ ਲੈਂਦਾ ਰਹੇਗਾ ਤੇ ਭਰੂਣ-ਹੱਤਿਆਵਾਂ ਹੁੰਦੀਆਂ ਰਹਿਣਗੀਆਂ। ਪਰ ਇਸ ਵਿੱਚ ਅੱਜ ਦੇ ਮਨੁੱਖਾਂ ਦਾ ਵੀ ਬਹੁਤ ਵੱਡਾ ਹੱਥ ਹੈ ਅੱਜ ਅਮੀਰ ਆਪਣੀ ਧੀ ਦੇ ਵਿਆਹ ਤੇ ਹੱਦੋਂ ਵੱਧ ਖਰਚਾ ਕਰਦੇ ਹਨ ਜਿਨ੍ਹਾਂ ਨੂੰ ਦੇਖ ਕੇ ਗਰੀਬ ਵੀ ਆਪਣੀ ਸਮਰੱਥਾ ਤੋਂ ਵੱਧ ਪੈਸਾ ਖਰਚਦੇ ਹਨ ਭਾਵੇਂ ਉਹ ਪੈਸਾ ਕਰਜ਼ਾ ਕਿਉਂ ਨਾ ਲੈ ਕੇ ਖਰਚਿਆਂ ਗਿਆ ਹੋਵੇ। ਮੱਧਵਰਗੀ ਲੋਕਾਂ ਨੂੰ ਅਮੀਰ ਲੋਕਾਂ ਦੇ ਇਹਨਾਂ ਦਿਖਾਵਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ।

(i) ਅਜੋਕੇ ਸਮੇਂ ਵਿੱਚ ਦਾਜ-ਪ੍ਰਥਾ ਦਾ ਰੂਪ ਕਿਹੋ ਜਿਹਾ ਹੋ ਗਿਆ ਹੈ ?
- (ੳ) ਅਤਿ ਘਿਨਾਉਣਾ ☐ (ਅ) ਫ਼ਾਇਦੇਮੰਦ ☐
- (ੲ) ਸੁਖਮਈ ☐ (ਸ) ਸਲਾਹੁਣਯੋਗ ☐

(ii) ਦਾਜ ਦੇ ਲਾਲਚੀ ਆਪਣੀ ਨੂੰਹ ਨਾਲ਼ ਕਿਹੋ ਜਿਹਾ ਸਲੂਕ ਕਰਦੇ ਹਨ ?
- (ੳ) ਬਹੁਤ ਵਧੀਆ ☐ (ਅ) ਪਿਆਰ ਵਾਲਾ ☐
- (ੲ) ਪ੍ਰਸੰਸਾਯੋਗ ☐ (ਸ) ਅਤਿ-ਨਿੰਦਣਯੋਗ ☐

(iii) ਗ਼ਰੀਬ ਲੋਕ ਦਾਜ ਦੇ ਮੰਗਤਿਆਂ ਨੂੰ ਖ਼ੈਰ ਕਿਵੇਂ ਪਾਉਂਦੇ ਹਨ ?
- (ੳ) ਬੜੀ ਸਹਿਜਤਾ ਨਾਲ਼ ☐ (ਅ) ਰੋਅਬ ਨਾਲ਼ ☐
- (ੲ) ਕਰਜ਼ੇ ਦੀਆਂ ਪੰਡਾਂ ਹੇਠ ਦੱਬ ਕੇ ☐ (ਸ) ਹੱਥ ਜੋੜ ਕੇ ☐

(iv) 'ਖ਼ੁਦਕੁਸ਼ੀ' ਦਾ ਅਰਥ ਦੱਸੋ।
- (ੳ) ਮਿਲਾਵਟ ☐ (ਅ) ਹਾਰ-ਸ਼ਿੰਗਾਰ ☐
- (ੲ) ਆਤਮ-ਹੱਤਿਆ ☐ (ਸ) ਸਰਕਾਰੀ ਨੌਕਰੀ ☐

(v) ਭਾਰਤ ਵਿੱਚ ਹੋਰ ਕਿਹੜੀ ਬੁਰਾਈ ਦਾ ਜ਼ਿਕਰ ਕੀਤਾ ਗਿਆ ਹੈ ?
- (ੳ) ਵਿਆਹ ☐ (ਅ) ਕਰਜ਼ਾ ☐
- (ੲ) ਕਾਲਾ ਧਨ ☐ (ਸ) ਭਰੂਣ-ਹੱਤਿਆ ☐

(vi) ਸਹੀ ਅਰਥਾਂ ਵਿੱਚ ਵਿਆਹ ਕੀ ਬਣ ਗਿਆ ਹੈ ?
- (ੳ) ਫ਼ੈਸ਼ਨਾਂ ਦੀ ਸਟੇਜ ☐ (ਅ) ਮਨੋਰੰਜਨ ਦਾ ਸਾਧਨ ☐
- (ੲ) ਵਪਾਰ ☐ (ਸ) ਉਪਰੋਕਤ ਕੋਈ ਨਹੀਂ ☐



Scanned with OKEN Scanner

(vii) ਦਾਜ ਪ੍ਰਥਾ ਸਾਡੇ ਸਮਾਜਿਕ ਜੀਵਨ ਵਿੱਚ ਕੀ ਬਣ ਗਈ ਹੈ ?

(ੳ) ਫ਼ਜ਼ੂਲ ਖ਼ਰਚੀ ▢ (ਅ) ਕਲੰਕ ▢

(ੲ) ਆਮਦਨ ਦਾ ਸਾਧਨ ▢ (ਸ) ਇਹਨਾਂ ਵਿੱਚੋਂ ਕੋਈ ਨਹੀਂ ▢

(viii) ਦਾਜ ਦੇ ਦੈਂਤ ਦਾ ਸਰਬਨਾਸ਼ ਕਿਵੇਂ ਕੀਤਾ ਜਾ ਸਕਦਾ ਹੈ ?

(ੳ) ਕਾਨੂੰਨਾਂ ਨੂੰ ਸਖ਼ਤੀ ਨਾਲ਼ ਲਾਗੂ ਕਰਕੇ ▢

(ਅ) ਦਾਜ ਨਾ ਦੇ ਕੇ ▢

(ੲ) ਦਾਜ ਦੇਣ ਵਾਲਿਆਂ ਵਿਰੁੱਧ ਕਾਨੂੰਨ ਪਾਸ ਕਰਕੇ ▢

(ਸ) ਉਪਰੋਕਤ ਸਾਰੇ ▢

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ (8)

2. ਗੋਇਲ ਕਰਿਆਨਾ ਸਟੋਰ ਗੁਰਦਾਸਪੁਰ ਨੇ ਮੈਸਰਜ਼ ਔਰਗੈਨਿਕ ਫ਼ੂਡ ਲਿਮਿਟਿਡ ਹੁਸ਼ਿਆਰਪੁਰ ਤੋਂ ਕਰਿਆਨੇ ਦਾ ਕੁਝ ਸਾਮਾਨ ਮੰਗਵਾਇਆ ਸੀ ਜਿਹੜਾ ਕਿ ਠੀਕ-ਠਾਕ ਪਹੁੰਚ ਗਿਆ ਹੈ। ਪੱਤਰ ਲਿਖ ਕੇ ਉਕਤ ਫ਼ਰਮ ਦਾ ਧੰਨਵਾਦ ਕਰਨ ਦੇ ਨਾਲ਼-ਨਾਲ਼ ਬਣਦਾ ਭੁਗਤਾਨ ਕਰੋ।

**ਜਾਂ**

ਤੁਸੀਂ ਵੇਰਕਾ ਮਿਲਕ-ਪਲਾਂਟ ਤੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਦੀ ਜਾਣਕਾਰੀ ਲੈਣ ਹਿੱਤ ਨੇੜਲੇ ਵੇਰਕਾ ਮਿਲਕ-ਪਲਾਂਟ ਮੈਨੇਜਰ ਨੂੰ ਪੱਤਰ ਲਿਖੋ।

3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ ਰਚਨਾ ਕਰੋ। (7)

ਆਨਲਾਈਨ ਖ਼ਰੀਦਦਾਰੀ ਜਾਂ ਮਨਿ ਜੀਤੈ ਜਗੁ ਜੀਤੁ

## ਭਾਗ-III : ਵਿਹਾਰਕ ਵਿਆਕਰਨ

4. ਵਾਕ-ਵਟਾਂਦਰਾ (3×1=3)

ਹੇਠਾਂ ਲਿਖੇ ਵਾਕਾਂ ਨੂੰ ਬਰੈਕਟ ਵਿੱਚ ਦਿੱਤੇ ਵਾਕਾਂ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਮਿਹਨਤ ਸਫ਼ਲ ਹੋਈ। (ਨਾਂਹ ਵਾਚਕ ਵਾਕ)

(ਅ) ਖਾਣਾ ਪਰੋਸ ਦਿਓ। (ਕਰਮਣੀ ਵਾਚ)

(ੲ) ਉਹ ਅਮੀਰ ਹੈ ਪਰ ਕੰਜੂਸ ਹੈ। (ਸਧਾਰਨ ਵਾਕ)

(ਸ) ਅਭੀਜੋਤ ਦਫ਼ਤਰ ਜਾ ਕੇ ਕੰਮ ਵਿੱਚ ਮਸ਼ਤ ਹੋ ਜਾਂਦਾ ਹੈ। (ਸੰਯੁਕਤ ਵਾਕ)

5. ਅਖਾਣ/ਅਖਾਉਤਾਂ (5×2=10)

ਹੇਠਾਂ ਦਿੱਤੇ ਗਏ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਉਨ੍ਹਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ :

(i) ਉੱਠੇ ਤਾਂ ਉੱਠ ਨਹੀਂ ਤਾਂ ਰੇਤੇ ਦੀ ਮੁੱਠ

(ii) ਆਰੀ ਨੂੰ ਇੱਕ ਪਾਸੇ ਦੰਦੇ ਜਹਾਨ ਨੂੰ ਦੋਵੇਂ ਪਾਸੇ

(iii) ਸੰਗ ਤਾਰੇ ਕੁਸੰਗ ਡੋਬੇ

(iv) ਕੋਹ ਨਾ ਚਲੀ ਬਾਬਾ ਤਿਹਾਈ

(v) ਘਰ ਵਸਦਿਆਂ ਦੇ ਸਾਕ ਮਿਲਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ

(vi) ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ

## ਭਾਗ-IV : ਪਾਠ-ਪੁਸਤਕ ਆਧਾਰਿਤ ਪ੍ਰਸ਼ਨ

ਕਵਿਤਾਵਾਂ ਵਿੱਚੋਂ

6. ਹੇਠਾਂ ਲਿਖਿਆਂ ਵਿੱਚੋਂ ਕਿਸੇ ਇੱਕ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (3+5=8)

(ੳ) ਮੇਰੇ ਬੂਟੇ ਗੱਭਰੂ ਹੋ ਜਾ
ਤੇਰੀ ਛਾਵੇਂ ਮੈਂ ਸੌਂ ਜਾਵਾਂ
ਕਦੇ-ਕਦੇ ਬਾਲਾਂ ਦੇ ਕੁੱਛੜ
ਸੌਣ ਨਿਸ਼ਚਿੰਤ, ਨਿਕਰਮਣ ਮਾਵਾਂ
ਮੈਂ ਆਪਣੀ ਮਾਤਾ ਦਾ ਓਹਲੇ,

ਉਸਦੀ ਛਾਂ ਉਸਦਾ ਪਰਛਾਵਾਂ।
ਉਂਝ ਤਾਂ ਹਰ ਮਾਂ ਸੋਹਣੀ ਹੁੰਦੀ
ਪਰ ਮੇਰੀ ਮਾਂ ਵੇਖ-ਵੇਖ ਕੇ-
ਹਰ ਅੱਖ ਸੁਲਗੇ ਜਿਵੇਂ ਦੁਪਹਿਰੀ।

A-2

Scanned with OKEN Scanner

ਜਾਂ

(ਅ) ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।
ਫੁੱਲਾਂ ਨਾਲ਼ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।
ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ।
ਚੰਨ ਦਿਆਂ ਚਿਹਰਿਆਂ 'ਚੋਂ ਚੰਦ ਮੁਸਕਾਣਗੇ
ਵਿਹੜੇ ਵਿੱਚ ਠਾਠਾਂ ਮਾਰੂ ਖ਼ੁਸ਼ੀ ਸੰਸਾਰ ਦੀ
ਚੁੰਮ-ਚੁੰਮ ਰੱਖੋ ਨੀ ਕਲਗੀ ਜੁਝਾਰ ਦੀ।

7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ : (4×1=4)

(i) 'ਤਾਜ ਮਹਲ' ਕਿਹੜੀ ਨਦੀ ਦੇ ਕੰਢੇ 'ਤੇ ਸਥਿਤ ਹੈ?
(ੳ) ਗੰਗਾ (ਅ) ਜਮਨਾ
(ੲ) ਸਰਸਵਤੀ (ਸ) ਗੰਗੋਤਰੀ

(ii) 'ਰਿਸ਼ਮਾਂ' ਸ਼ਬਦ ਦਾ ਅਰਥ ਦੱਸੋ।
(ੳ) ਅਸਮਾਨ (ਅ) ਬੱਦਲ
(ੲ) ਸੂਰਜ (ਸ) ਕਿਰਨਾਂ

(iii) ਕਸ਼ਮੀਰ ਦੀ ਧਰਤੀ 'ਤੇ ਕਿਹੜੀ ਰਮਜ਼ ਚਮਕ ਰਹੀ ਹੈ?
(ੳ) ਅਰਸ਼ੀ (ਅ) ਮੈਦਾਨੀ
(ੲ) ਬਰਫ਼ੀਲੀ (ਸ) ਰੇਤਲੀ

(iv) ਮਾਤਾ ਜੀ ਨੇ ਜੋੜੀਆਂ ਕਦੋਂ ਦੀਆਂ ਤੋਰੀਆਂ ਸਨ?
(ੳ) ਕੱਲ੍ਹ ਸ਼ਾਮ ਤੋਂ (ਅ) ਕੱਲ੍ਹ ਸਵੇਰ ਦੀਆਂ
(ੲ) ਅੱਜ ਹੀ (ਸ) ਚਾਰ ਦਿਨ ਪਹਿਲਾਂ

(v) ਵਿਧਵਾ ਮਾਂ ਨੂੰ ਕਿਹੋ ਜਿਹੀਆਂ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ?
(ੳ) ਈਰਖਾਲੂ (ਅ) ਭੈੜੀਆਂ (ਮੈਲੀਆਂ)
(ੲ) ਸੋਹਣੀਆਂ (ਸ) ਆਕਰਸ਼ਕ

**ਕਹਾਣੀਆਂ ਵਿੱਚੋਂ**

8. 'ਨੀਲੀ' ਕਹਾਣੀ ਵਿੱਚ ਨੀਲੀ ਦਾ ਚਰਿੱਤਰ-ਚਿਤਰਨ ਕਰੋ। (6)

ਜਾਂ

'ਘਰ ਜਾ ਆਪਣੇ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ : (5)

(i) ਲੇਖਕ ਵੱਲੋਂ ਕੀ ਲਿਖਣ ਵੇਲੇ ਗੱਲ ਉਲਝ ਗਈ ਸੀ?
(ੳ) ਫ਼ਰਨੀਚਰ ਦਾ ਡਿਜ਼ਾਈਨ (ਅ) ਫ਼ਰਨੀਚਰ ਦਾ ਰੇਟ
(ੲ) ਫ਼ਰਨੀਚਰ ਦੀ ਢੁਆਈ (ਸ) ਫ਼ਰਨੀਚਰ ਦਾ ਸਾਈਜ਼ ਤੇ ਡਿਜ਼ਾਈਨ

(ii) ਜੀਤੋ ਆਪਣੇ ਵੀਰ ਤੋਂ ਕਿੰਨੇ ਸਾਲ ਛੋਟੀ ਸੀ?
(ੳ) ਦਸ (ਅ) ਪੰਜ
(ੲ) ਦੋ (ਸ) ਅੱਠ-ਦਸ

(iii) ਨੀਲੀ ਦੀ ਉਦਾਸੀ ਦਾ ਕੀ ਕਾਰਨ ਸੀ?
(ੳ) ਵੱਛੇ ਦੀ ਮੌਤ (ਅ) ਗਵਾਲੇ ਦੀ ਮੌਤ
(ੲ) ਵੱਛੀ ਦੀ ਮੌਤ (ਸ) ਕੱਟੇ ਦੀ ਮੌਤ

(iv) ਟੋਕਰੀ ਵਿੱਚ ਕਿਸ ਰੰਗ ਦਾ ਦਾਣਾ ਸੀ?
(ੳ) ਪੀਲਾ-ਪੀਲਾ (ਅ) ਨੀਲਾ-ਨੀਲਾ
(ੲ) ਹਰਾ-ਹਰਾ (ਸ) ਚਿੱਟਾ-ਚਿੱਟਾ

(v) ਟਾਹਲੀ ਉੱਤੇ ਕਿਹੜਾ ਪੰਛੀ ਬੋਲ ਰਿਹਾ ਸੀ?
(ੳ) ਕਾਂ (ਅ) ਘੁੱਗੀ
(ੲ) ਚਿੜੀ (ਸ) ਮੋਰ

A-3

Scanned with OKEN Scanner

(vi) ਪ੍ਰੋਫ਼ੈਸਰ ਕਿਹੜੀ ਚੀਜ਼ ਨੂੰ ਅਮੀਰੀ ਦਾ ਚਿੰਨ੍ਹ ਸਮਝਦਾ ਹੈ ?

(ੳ) ਨੈੱਕਟਾਈ ▢ (ਅ) ਵੱਡਾ ਘਰ ▢

(ੲ) ਗਹਿਣੇ ▢ (ਸ) ਚਿੱਟੀ ਪਤਲੂਣ ▢

**10.** ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ : **(4×2=8)**

(ੳ) ਵਿਆਹ ਦੇ ਘਮਸਾਨ ਵਿੱਚ ਜੀਤੋ ਦੇ ਵੀਰ ਦੀ ਮੱਤ ਕਿਉਂ ਮਾਰੀ ਗਈ ਸੀ ?

(ਅ) ਪ੍ਰੋਫ਼ੈਸਰ ਲਾਲ ਚੀਰੇ ਵਾਲੇ ਸਾਈਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ ?

(ੲ) ਲੇਖਕ ਦੀ ਤ੍ਰੀਮਤ ਨੇ ਗਵਾਲ ਨਾਲ ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ ?

(ਸ) ਰਿਕਸ਼ੇ ਵਾਲੇ ਦਾ ਹੁਲੀਆ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।

(ਹ) ਮਾੜਾ ਬੰਦਾ ਕਹਾਣੀ ਵਿੱਚ ਮਾੜਾ ਬੰਦਾ ਕਿਸ ਨੂੰ ਕਿਹਾ ਗਿਆ ਹੈ ?

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ

**11.** ਹੇਠਾਂ ਦਿੱਤੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : **(5×1=5)**

(i) ਕਿਹੜਾ ਲੋਕ-ਨਾਚ ਗਿੱਧੇ ਦੀ ਨਰਸਰੀ ਹੈ ?

(ੳ) ਲੁੱਡੀ ▢ (ਅ) ਧਮਾਲ ▢

(ੲ) ਝੂੰਮਰ ▢ (ਸ) ਕਿੱਕਲੀ ▢

(ii) ਕੁੜੀਆਂ ਦੇ ਕੰਨ ਕਿਸ ਕੋਲੋਂ ਵਿੰਨ੍ਹਾਏ ਜਾਂਦੇ ਸਨ ?

(ੳ) ਦਾਈਆਂ ਕੋਲੋਂ ▢ (ਅ) ਸੁਨਿਆਰੇ ਤੋਂ ▢

(ੲ) ਵਣਜਾਰੇ ਕੋਲੋਂ ▢ (ਸ) ਲਾਗੀਆਂ ਕੋਲੋਂ ▢

(iii) ਪੰਜਾਬ ਦੇ ਮੇਲਿਆਂ ਦਾ ਅਨਿੱਖੜਵਾਂ ਅੰਗ ਕਿਹੜੀ ਖੇਡ ਹੈ ?

(ੳ) ਕਬੱਡੀ ▢ (ਅ) ਕੁਸ਼ਤੀ ▢

(ੲ) ਵਾਲੀਬਾਲ ▢ (ਸ) ਹਾਕੀ ▢

(iv) ਸੁੰਨਤ ਦੀ ਰਸਮ ਕਿਹੜੇ ਧਰਮ ਵਿੱਚ ਕੀਤੀ ਜਾਂਦੀ ਹੈ ?

(ੳ) ਹਿੰਦੂ ▢ (ਅ) ਸਿੱਖ ▢

(ੲ) ਇਸਾਈ ▢ (ਸ) ਇਸਲਾਮ ▢

(v) ਕਿਸ ਖੇਡ ਵਿੱਚ ਖਿਡਾਰੀ ਦਰੱਖ਼ਤ 'ਤੇ ਚੜ੍ਹ ਜਾਂਦੇ ਹਨ ?

(ੳ) ਟਿਬਲਾ-ਟਿਬਲੀ ▢ (ਅ) ਸ਼ੱਕਰ-ਭਿੱਜੀ ▢

(ੲ) ਡੰਡਾ-ਡੁੱਕ ▢ (ਸ) ਲੂਣ-ਮਿਆਣੀ ▢

(vi) ਭੰਗੜੇ ਦੀਆਂ ਮੁਦਰਾਵਾਂ ਕਿੰਨੀਆਂ ਹੁੰਦੀਆਂ ਹਨ ?

(ੳ) ਬਾਰਾਂ ▢ (ਅ) ਪੰਦਰਾਂ ▢

(ੲ) ਅਸੀਮਤ ▢ (ਸ) ਇੱਕੀ ▢

**12.** ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 60-70 ਸ਼ਬਦਾਂ ਵਿੱਚ ਲਿਖੋ : **(2×4=8)**

(ੳ) ਪੰਜਾਬ ਵਿੱਚ ਵਿਆਹ ਦੇ ਰਸਮ ਰਿਵਾਜ਼ ਕਿਹੜੇ-ਕਿਹੜੇ ਸਨ ? ਹੁਣ ਇਹਨਾਂ ਵਿੱਚ ਕੀ ਤਬਦੀਲੀ ਆ ਰਹੀ ਹੈ ?

(ਅ) ਪੁਰਾਤਨ ਸਮੇਂ ਵਿੱਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ ਖਿਡਾਰੀਆਂ ਨੂੰ ਕਿਵੇਂ ਨਿਵਾਜ਼ਦੇ ਸਨ ?

(ੲ) ਪੰਜਾਬ ਦੇ ਮਰਦਾਵੇਂ ਲੋਕ-ਨਾਚ ਦਾ ਸੰਖੇਪ ਵਰਣਨ ਕਰੋ।

A-4

Scanned with OKEN Scanner